# (ਪੰਜਾਬ ਰਾਜ ਭਾਸ਼ਾ ਐਕਟ, 1967)

(1967 ਦਾ ਪੰਜਾਬ ਐਕਟ ਨੰ. 5)

ਪੰਜਾਬ ਰਾਜ ਦੇ ਸਭ ਸਰਕਾਰੀ ਉਦੇਸ਼ਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ਵਜੋਂ ਪੰਜਾਬੀ ਨੂੰ ਮਨਜ਼ੂਰੀ ਦੇਣ ਦਾ ਉਪਬੰਧ ਕਰਨ ਲਈ ਐਕਟ। ਭਾਰਤ ਗਣਰਾਜ ਦੇ ਅਠਾਰ੍ਹਵੇਂ ਸਾਲ ਵਿਚ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣਾਇਆ ਗਿਆ :-

ਸੰਖੇਪਨਾਂ, ਵਿਸਤਾਰ ਅਤੇ ਆਰੰਭ

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ ਐਕਟ, 1967 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ ਉਤੇ ਹੈ।

(3) ਇਹ ਤੁਰੰਤ ਲਾਗੂ ਹੋਵੇਗਾ।

ਪਰਿਭਾਸ਼ਾਵਾਂ

2. ਇਸ ਐਕਟ ਵਿਚ ਜਦਤੱਕ ਕਿ ਪ੍ਰਸੰਗ ਹੋਰਵੇਂ ਨਾ ਲੋੜੀਂਦਾ ਹੋਵੇ;

(ੳ) 'ਪੰਜਾਬੀ` ਤੋਂ ਭਾਵ ਹੈ ਗੁਰਮੁਖੀ ਲਿਪੀ ਵਿਚ ਪੰਜਾਬੀ;

(ਅ) 'ਰਾਜ ਸਰਕਾਰ` ਤੋਂ ਭਾਵ ਹੈ ਪੰਜਾਬ ਰਾਜ ਦੀ ਸਰਕਾਰ

ਪੰਜਾਬੀ ਦਾ ਰਾਜ ਦੀ ਰਾਜ ਭਾਸ਼ਾ ਹੋਣਾ

3. ਪੰਜਾਬ ਰਾਜ ਦੀ ਰਾਜ ਭਾਸ਼ਾ ਪੰਜਾਬੀ ਹੋਵੇਗੀ।

ਉਹ ਸਰਕਾਰੀ ਉਦੇਸ਼ ਜਿਨ੍ਹਾਂ ਲਈ ਪੰਜਾਬੀ ਵਰਤੀ ਜਾਵੇਗੀ ਅਧਿਸੂਚਿਤ ਕਰਨ ਦੇ ਸਰਕਾਰ ਦੇ ਅਧਿਕਾਰ

4. ਰਾਜ ਸਰਕਾਰ, ਸਮੇਂ ਸਮੇਂ 'ਤੇ ਅਧਿਸੂਚਨਾ ਦੁਆਰਾ ਇਹ ਨਿਰਦੇਸ਼ ਦੇ ਸਕੇਗੀ ਕਿ ਪੰਜਾਬੀ ਰਾਜ ਦੇ ਸਰਕਾਰੀ ਉਦੇਸ਼ਾਂ ਲਈ ਅਤੇ ਅਜਿਹੀਆਂ ਤਾਰੀਖ਼ਾਂ ਤੋਂ ਵਰਤੀ ਜਾਵੇਗੀ ਜੋ ਅਧਿਸੂਚਨਾ ਵਿਚ ਨਿਰਧਾਰਿਤ ਕੀਤੀਆਂ ਹੋਣ।

ਬਿੱਲਾਂ ਆਦਿ ਵਿਚ ਵਰਤੀ ਜਾਣ ਵਾਲੀ ਭਾਸ਼ਾ।

5. ਅਜਿਹੀ ਤਾਰੀਖ਼ ਨੂੰ ਅਤੇ ਉਸ ਤਾਰੀਖ਼ ਤੋਂ ਜੋ ਰਾਜ ਸਰਕਾਰ ਅਧਿਸੂਚਨਾ ਦੁਆਰਾ ਇਸ ਸਬੰਧ ਵਿਚ ਨਿਯਤ ਕਰੇ, ਹੇਠ ਦਰਜ ਵਿਚ ਵਰਤੋਂ ਕੀਤੀ ਜਾਣ ਵਾਲੀ ਭਾਸ਼ਾ :-

(ੳ) ਰਾਜ ਦੇ ਵਿਧਾਨ ਮੰਡਲ ਦੇ ਕਿਸੇ ਵੀ ਸਦਨ ਵਿਚ ਪੇਸ਼ ਕੀਤੇ ਜਾਣ ਵਾਲੇ ਸਭ ਬਿੱਲਾਂ, ਜਾਂ ਉਨ੍ਹਾਂ ਵਿਚ ਕੀਤੀਆਂ ਜਾਣ ਵਾਲੀਆਂ ਸੋਧਾਂ

(ਅ) ਰਾਜ ਦੇ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਸਭ ਐਕਟਾਂ
(ੲ) ਸੰਵਿਧਾਨ ਦੇ ਅਨੁਛੇਦ 213 ਅਧੀਨ ਰਾਜਪਾਲ ਦੁਆਰਾ ਜਾਰੀ ਕੀਤੇ ਸਭ ਆਰਡੀਨੈਸਾਂ; ਅਤੇ
(ਸ) ਸੰਵਿਧਾਨ ਅਧੀਨ ਜਾਂ ਸੰਸਦ ਜਾਂ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਕਿਸੇ ਕਾਨੂੰਨ ਦੇ ਅਧੀਨ ਜਾਰੀ ਕੀਤੇ ਸਭ ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਉਪ-ਕਾਨੂੰਨਾਂ ਵਿਚ ਵਰਤੀ ਜਾਣ ਵਾਲੀ ਭਾਸ਼ਾ ਪੰਜਾਬੀ ਹੋਵੇਗੀ;ਬਸ਼ਰਤੇ ਕਿ ਰਾਜ ਸਰਕਾਰ ਉਪਰੋਕਤ ਖੰਡ (ੳ) ਤੋਂ (ਸ) ਵਿਚ ਹਵਾਲਾ ਦਿੱਤੇ ਉਦੇਸ਼ਾਂ ਵਿਚੋਂ ਕਿਸੇ ਦੇ ਵਿਸ਼ੇ ਵਿਚ ਵੱਖ ਵੱਖ ਤਾਰੀਖ਼ਾਂ ਨਿਯਤ ਕਰ ਸਕੇਗੀ।

ਰਾਜ ਵਿਧਾਨ ਮੰਡਲ ਵਿਚ ਅੰਗਰੇਜ਼ੀ ਦੀ ਵਰਤੋਂ ਦਾ ਜਾਰੀ ਰਹਿਣਾ।

6. ਜਦੋਂ ਤਕ ਰਾਜ ਸਰਕਾਰ ਧਾਰਾ 4 ਅਧੀਨ ਅਧਿਸੂਚਨਾ ਦੁਆਰਾ ਕਿਸੇ ਹੋਰ ਢੰਗ ਰਾਹੀਂ ਨਿਰਦੇਸ਼ ਨਹੀਂ ਦਿੰਦੀ, ਰਾਜ ਦੇ ਵਿਧਾਨ ਮੰਡਲ ਦੇ ਕਾਰ ਵਿਹਾਰ ਕਰਨ ਲਈ ਰਾਜ ਦੀ ਰਾਜ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖੀ ਜਾ ਸਕੇਗੀ।

ਕੇਂਦਰੀ ਅਤੇ ਰਾਜ ਐਕਟਾਂ ਆਦਿ ਦਾ ਅਧਿਕ੍ਰਿਤ ਪੰਜਾਬੀ ਅਨੁਵਾਦ।

6.(ੳ) ਅਧਿਸੂਚਨਾ ਦੁਆਰਾ ਨਿਰਧਾਰਿਤ ਤਾਰੀਖ਼ ਨੂੰ ਅਤੇ ਉਸ ਤੋਂ ਬਾਅਦ ਰਾਜ ਦੇ ਸਰਕਾਰੀ ਗਜ਼ਟ ਵਿਚ ਰਾਜਪਾਲ ਦੇ ਅਧਿਕਾਰ ਅਧੀਨ ਪੰਜਾਬੀ ਵਿਚ ਪ੍ਰਕਾਸ਼ਿਤ ਅਨੁਵਾਦ;
(ੳ) ਸੰਵਿਧਾਨ ਦੇ ਸੱਤਵੀਂ ਅਨੁਸੂਚੀ ਦੀ ਸੂਚੀ 111 ਵਿਚ ਦਰਜ ਮਾਮਲਿਆਂ ਵਿਚੋਂ ਕਿਸੇ ਬਾਰੇ, ਕਿਸੇ ਕੇਂਦਰੀ ਐਕਟ ਜਾਂ ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਕਿਸੇ ਆਰਡੀਨੈਂਸ ਦੇਸਬੰਧ ਵਿਚ;
(ੳੳ) ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ 11 ਵਿਚ ਦਰਜ ਮਾਮਲਿਆਂ ਵਿਚੋਂ ਕਿਸੇ ਬਾਰੇ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਬਣਾਏ ਗਏ ਕਿਸੇ ਵੀ ਕੇਂਦਰੀ ਐਕਟ ਦੇਸਬੰਧ ਵਿਚ;
(ੳੳੳ) ਸੰਵਿਧਾਨ ਦੇ ਅਨੁਛੇਦ 252 ਅਧੀਨ ਪਾਸ ਕੀਤੇ ਗਏ ਕਿਸੇ ਵੀ ਕੇਂਦਰੀ ਐਕਟ ਦੇਸਬੰਧ ਵਿਚ;
(ਅ) ਕਿਸੇ ਰਾਜ ਐਕਟ ਦਾ ਜਾਂ ਰਾਜਪਾਲ ਦੁਆਰਾ ਜਾਰੀ ਕੀਤੇ ਕਿਸੇ ਆਰਡੀਨੈਂਸ ਦੇਸਬੰਧ ਵਿਚ;
(ੲ) ਰਾਜ ਸਰਕਾਰ ਵੱਲੋਂ ਸੰਵਿਧਾਨ ਦੇ ਅੰਤਰਗਤ ਜਾਂ ਰਾਜ ਦੇ ਵਿਧਾਨ ਮੰਡਲ ਜਾਂ ਸੰਸਦ ਵੱਲੋਂ ਬਣਾਏ ਕਿਸੇ ਵੀ ਕਾਨੂੰਨ ਦੇ ਅੰਤਰਗਤ ਜਾਰੀ ਕੀਤੇ ਗਏ ਕਿਸੇ ਵੀ ਹੁਕਮ, ਨਿਯਮ, ਵਿਨਿਯਮ ਜਾਂ ਉਪ ਨਿਯਮ ਨੂੰ ਪ੍ਰਮਾਣਿਕ ਪੰਜਾਬੀ ਮਸੌਦਾ ਸਮਝਿਆ ਜਾਵੇਗਾ।

ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਵਿਚ ਪ੍ਰਤਿਨਿਧਤਾ ਪੇਸ਼ ਕਰਨ ਦਾ ਵਿਅਕਤੀ ਦਾ ਅਧਿਕਾਰ।

7. ਇਸ ਐਕਟ ਦੀ ਕਿਸੇ ਵੀ ਗੱਲ ਨੂੰ ਕਿਸੇ ਵਿਅਕਤੀ ਨੂੰ ਕਿਸੇ ਸ਼ਿਕਾਇਤ ਦੇ ਦੂਰ ਕਰਨ ਲਈ ਰਾਜ ਦੇ ਕਿਸੇ ਅਫਸਰ ਜਾਂ ਅਥਾਰਿਟੀ ਨੂੰ ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਜਿਨ੍ਹਾਂ ਵਿਚ ਹਿੰਦੀ ਵੀ ਸ਼ਾਮਲ ਹੈ, ਵਿਚੋਂ ਕਿਸੇ ਵਿਚ ਵੀ ਪ੍ਰਤੀਬੇਨਤੀ ਪੇਸ਼ ਕਰਨ ਤੋਂ ਰੋਕਣ ਵਾਲੀ ਨਹੀਂ ਸਮਝਿਆ ਜਾਵੇਗਾ।

| | | |
|---|---|---|
| ਹਿੰਦੀ ਭਾਸ਼ਾ ਦਾ ਵਿਕਾਸ | 8. | ਇਸ ਐਕਟ ਦੇ ਉਪਬੰਧਾਂ 'ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਰਾਜ ਵਿਚ ਹਿੰਦੀ ਭਾਸ਼ਾ ਦਾ ਵਿਕਾਸ ਕਰਨ ਲਈ ਢੁਕਵੇਂ ਕਦਮ ਚੁੱਕੇਗੀ। |
| 1960 ਦੇ ਪੰਜਾਬ ਐਕਟ ਨੰ.280 ਦੀ ਮਨਸੂਖੀ। | 9. | ਪੰਜਾਬ ਰਾਜ ਭਾਸ਼ਾਵਾਂ ਐਕਟ, 1960 ਇਸ ਦੁਆਰਾ ਮਨਸੂਖ ਕੀਤਾ ਜਾਂਦਾ ਹੈ। |

ਰਜਿਸਟਰਡ ਨੰ: ਐਨ. ਡਬਲਯੂ./ਸੀ. ਐਚ-22 ਰਜਿਸਟਰਡ ਨੰ: ਸੀ. ਐਚ. ਡੀ. /0092/2006-2008

ਮੁਹਰ

**ਪੰਜਾਬ ਸਰਕਾਰ**

**ਪੰਜਾਬ ਸਰਕਾਰ ਗਜ਼ਟ**

**ਅਸਾਧਾਰਣ**

**ਅਥਾਰਿਟੀ ਵੱਲੋਂ ਪ੍ਰਕਾਸ਼ਿਤ**

**ਚੰਡੀਗੜ੍ਹ, ਬੁੱਧਵਾਰ, 5 ਨਵੰਬਰ, 2008**

**(ਕੱਤਕ 14,1930 ਸਾਕਾ)**

**ਵਿਧਾਨਿਕ ਸੰਪੂਰਕ**

ਵਿਸ਼ਾ ਵਸਤੂ ਐਕਟ

ਪੰਨੇ 115-118

**ਭਾਗ-1**

**ਪੰਜਾਬ ਰਾਜ ਭਾਸ਼ਾ (ਤਰਮੀਮ)**

**ਐਕਟ 2008 (2008 ਦਾ ਪੰਜਾਬਐਕਟ ਨੰ: 27)**

**ਭਾਗ-2**

ਅਧਿਆਦੇਸ਼ ਕੋਈ ਨਹੀਂ

**ਭਾਗ-3**

ਸੌਂਪਿਆ ਗਿਆ ਵਿਧਾਨ ਕੋਈ ਨਹੀਂ

**ਭਾਗ-4**

ਦਰੁਸਤ ਸਲਿਪਾਂ, ਮੁੜ-ਪ੍ਰਕਾਸ਼ਨਾਵਾਂ ਅਤੇ ਬਦਲਾਓ ਕੋਈ ਨਹੀਂ

**ਭਾਗ-1**

ਕਾਨੂੰਨੀ ਤੇ ਵਿਧਾਨਕ ਮਾਮਲੇ ਵਿਭਾਗ, ਪੰਜਾਬ

**ਨੋਟੀਫ਼ਿਕੇਸ਼ਨ**

5, ਨਵੰਬਰ, 2008ਨੰ: 30 ਵਿਧਾਨ/2008- ਪੰਜਾਬ ਰਾਜ ਦੇ ਵਿਧਾਨ ਮੰਡਲ ਦਾ ਹੇਠ ਦਰਸਾਏ ਐਕਟ ਨੂੰ 27ਅਕਤੂਬਰ, 2008 ਨੂੰ ਪੰਜਾਬ ਦੇ ਰਾਜਪਾਲ ਜੀ ਦੀ ਸਹਿਮਤੀ ਪ੍ਰਾਪਤ ਹੋ ਗਈ ਅਤੇ ਇਸਦੁਆਰਾ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:

**ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008**

**(2008 ਦਾ ਪੰਜਾਬ ਐਕਟ ਨੰ: 27)**

**ਐਕਟ**

***ਛੋਟਾ ਸਿਰਲੇਖ ਅਤੇ ਸ਼ੁਰੂਆਤ 1967 ਦੇ ਪੰਜਾਬ ਐਕਟ***

ਪੰਜਾਬ ਰਾਜ ਭਾਸ਼ਾ ਐਕਟ, 1967 ਵਿੱਚ ਅੱਗੇ ਤਰਮੀਮ ਕਰਨ ਲਈ। ਪੰਜਾਬ ਵਿਧਾਨ ਸਭਾ ਦੁਆਰਾ ਭਾਰਤ ਗਣਰਾਜ ਦੇ ਉਣਾਹਠਵੇਂ ਵਰ੍ਹੇ ਵਿਚ ਪਾਸ ਕੀਤਾ ਗਿਆ ਅਰਥਾਤ :-

*ਨੰ.*
*ਪੰਜ ਵਿਚ*
*ਨਵੀਆਂ*
*ਧਾਰਾਵਾਂ*
*3 ਏ ਅਤੇ 3*
*ਬੀ ਸ਼ਾਮਲ ਕਰਨ*
ਬਾਰੇ।

*1967 ਦੇ ਪੰਜਾਬ ਰਾਜ ਭਾਸ਼ਾ ਐਕਟ ਨੰ. 5 ਵਿਚ ਨਵੀਆਂ ਧਾਰਾਵਾਂ 8-ਏ, 8-ਬੀ, 8-ਸੀ ਅਤੇ 8-ਡੀ ਸ਼ਾਮਲ ਕਰਨ ਬਾਰੇ।*

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ, 2008 ਕਿਹਾ ਜਾਵੇਗਾ

(2) ਇਹ ਐਕਟ ਤੁਰੰਤ ਲਾਗੂ ਹੋਵੇਗਾ ਬਸ਼ਰਤੇ ਕਿ ਧਾਰਾ 3-ਏ ਇਸ ਐਕਟ ਦੇ ਲਾਗੂ ਹੋਣ ਤੋਂ ਛੇ ਮਹੀਨੇ ਬਾਅਦ ਲਾਗੂ ਹੋਵੇਗੀ।

2. ਪੰਜਾਬ ਰਾਜ ਭਾਸ਼ਾ ਐਕਟ, 1967 (ਜਿਸ ਨੂੰ ਇਸ ਤੋਂ ਅੱਗੇ ਮੂਲ ਐਕਟ ਕਿਹਾ ਜਾਵੇਗਾ), ਸੈਕਸ਼ਨ 3 ਤੋਂ ਬਾਅਦ ਹੇਠ ਲਿਖੇ ਸੈਕਸ਼ਨ ਸ਼ਾਮਲ ਕੀਤੇ ਜਾਣਗੇ :-

''3-ਏ (1) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿੱਚ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।

ਵਿਆਖਿਆ :- ਇਸ ਧਾਰਾ ਵਿਚ ਆਏ ਸ਼ਬਦਾਂ'ਦੀਵਾਨੀ ਅਦਾਲਤਾਂ' ਅਤੇ 'ਫੌਜਦਾਰੀ ਅਦਾਲਤਾਂ' ਤੋਂ ਉਹੀ ਭਾਵ ਲਿਆ ਜਾਵੇਗਾ ਜੋ ਉਹਨਾਂ ਨੂੰ ਕ੍ਰਮਵਾਰ ਕੋਡ ਆਫ ਸਿਵਲ ਪਰੋਸੀਜ਼ਰ, 1908 ਅਤੇ ਕੋਡ ਆਫ਼ ਕਰਿਮੀਨਲ ਪਰੋਸੀਜ਼ਰ, 1973 ਰਾਹੀਂ ਦਿੱਤਾ ਗਿਆ
ਹੈ।

(2) ਸਬੰਧਤ ਪ੍ਰਬੰਧਕੀ ਵਿਭਾਗ ਉਪਰੋਕਤ ਉਪ ਧਾਰਾ (1), ਵਿਚ ਦਰਜ ਅਦਾਲਤਾਂ ਅਤੇ
ਟ੍ਰਿਬਿਊਨਲਾਂ ਨੂੰ ਲੋੜੀਂਦਾ ਸਾਜੋ ਸਾਮਾਨ ਅਤੇ ਉਹਨਾਂ ਦੇ ਕਰਮਚਾਰੀਆਂ ਨੂੰ ਲੋੜੀਂਦੀ ਸਿਖਲਾਈ, ਇਸ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਮੁਹੱਈਆ ਕਰਵਾ ਕੇ ਇਸ ਧਾਰਾ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਏਗਾ।

3-ਬੀ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ
ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿਚ ਸਾਰਾ
ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।''

*ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਦੀ ਵਰਤੋਂ*

3. ਮੂਲ ਐਕਟ ਦੀ ਧਾਰਾ 8 ਤੋਂ ਬਾਅਦ ਹੇਠ ਲਿਖੀਆਂ ਧਾਰਾਵਾਂ ਸ਼ਾਮਲ ਕੀਤੀਆਂ ਜਾਣਗੀਆਂ :-

"8-ਏ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਸ ਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਰਾਜ ਸਰਕਾਰ ਦੇ ਸਾਰੇ ਸਰਕਾਰੀ ਦਫ਼ਤਰਾਂ, ਜਨਤਕ ਅਦਾਰਿਆਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਦੇ ਦਫ਼ਤਰਾਂ ਦਾ ਮੁਆਇਨਾ ਕਰਨ ਦਾ ਇਖ਼ਤਿਆਰ ਹੋਵੇਗਾ।

ਇਹ ਦਫ਼ਤਰਾਂ ਦਾ ਦਫਤਰੀ ਰਿਕਾਰਡ ਰੱਖਣ ਵਾਲੇ ਅਫ਼ਸਰ ਆਪਣੇ ਕਬਜ਼ੇ ਹੇਠਲਾ ਸਾਰਾ

*ਰਾਜ ਸਰਕਾਰ ਦੇ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਦਫ਼ਤਰਾਂ ਆਦਿ ਵਿਚ ਪੰਜਾਬੀ ਦੀ ਵਰਤੋਂ ਬਾਰੇ।*

ਰਿਕਾਰਡ, ਮੁਆਇਨਾ ਕਰਨ ਵਾਲੇ ਅਜਿਹੇ ਡਾਇਰੈਕਟਰ ਜਾਂ ਅਫ਼ਸਰ ਨੂੰ ਮੁਹੱਈਆ ਕਰਵਾਉਣਗੇ।

*ਮੁਆਇਨਾ ਕਰਨ ਦੀ ਤਾਕਤ*

8- ਬੀ (1) ਇਸ ਐਕਟ ਦੀਆਂ ਧਾਰਾਵਾਂ ਦੀ ਸਮੀਖਿਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇਕ ਰਾਜ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।

(2) ਰਾਜ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ :-

**1) ਸਿੱਖਿਆ ਮੰਤਰੀ, ਪੰਜਾਬ; : ਚੇਅਰਪਰਸਨ**

**2) ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ : ਮੈਂਬਰ**
**ਮੰਤਰੀ ਜੀ ਵੱਲੋਂ ਨਾਮਜ਼ਦ ਨੁਮਾਇੰਦਾ; :**

**3) ਐਡਵੋਕੇਟ ਜਨਰਲ, ਪੰਜਾਬ ਜਾਂ ਉਹਨਾਂ ਦਾਨੁਮਾਇੰਦਾ; : ਮੈਂਬਰ**

**4) ਸਕੱਤਰ ਸਕੂਲ ਸਿੱਖਿਆ; : ਮੈਂਬਰ**

**5) ਸਕੱਤਰ ਉਚੇਰੀ ਸਿੱਖਿਆ; : ਮੈਂਬਰ**

**6) ਕਾਨੂੰਨੀ ਮਸ਼ੀਰ ਤੇ ਸਕੱਤਰ, ਪੰਜਾਬ ਸਰਕਾਰ; : ਮੈਂਬਰ**

**7) ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ : ਮੈਂਬਰ**
**ਸਭਾਵਾਂ ਦੋ ਦੇ ਨੁਮਾਇੰਦੇ;**

*ਰਾਜ ਪੱਧਰੀ ਅਧਿਕਾਰਤ ਕਮੇਟੀ*

**8) ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈੱਸ : ਮੈਂਬਰ**
**ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ;**

**9) ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ;: ਮੈਂਬਰ**

**10) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ; : ਕਨਵੀਨਰ**

(3) ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਇਸ ਐਕਟ ਦੀਆਂ ਧਾਰਾਵਾਂ ਤੇ ਅਮਲਕਰਵਾਉਣ ਹਿੱਤ ਜ਼ਿਲਾ ਪੱਧਰੀ ਅਧਿਕਾਰਤ ਕਮੇਟੀ ਨੂੰ ਜਿਵੇਂ ਉਹ ਠੀਕ ਸਮਝੇ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੋਵੇਗਾ।

(4) ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ।

8-ਸੀ (1) ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰਨ ਲਈ ਇੱਕਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।

(2) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰਹੋਵੇਗੀ :-

1) ਮੁੱਖ ਮੰਤਰੀ ਜੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ : ਚੇਅਰਪਰਸਨ
ਦਾ ਇਕ ਮੰਤਰੀ ਜਾਂ ਵਿਧਾਨਿਕ

2) ਡਿਪਟੀ ਕਮਿਸ਼ਨਰ; : ਵਾਈਸ ਚੇਅਰਮੈਨ

3) ਜ਼ਿਲਾ ਸਿੱਖਿਆ ਅਫਸਰ; : ਮੈਂਬਰ

4) ਰਾਜ ਸਰਕਾਰ ਵਲੋਂ ਨਾਮਜ਼ਦ ਜ਼ਿਲੇ ਵਿਚੋਂ : ਮੈਂਬਰ
ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ;

5) ਰਾਜ ਸਰਕਾਰ ਵਲੋਂ ਨਾਮਜ਼ਦ ਪੰਜਾਬੀ ਪ੍ਰੈੱਸ ਦੇ : ਮੈਂਬਰ
ਤਿੰਨ ਨੁਮਾਇੰਦੇ;

6) ਜ਼ਿਲ੍ਹਾ ਲੋਕ ਸੰਪਰਕ ਅਫਸਰ; : ਮੈਂਬਰ

7) ਰਾਜ ਸਰਕਾਰ ਵਲੋਂ ਨਾਮਜ਼ਦ ਦੋ ਜਨਤਕ : ਮੈਂਬਰ
ਨੁਮਾਇੰਦੇ;

8) ਜ਼ਿਲ੍ਹਾ ਅਟਾਰਨੀ; : ਮੈਂਬਰ

9) ਜ਼ਿਲ੍ਹਾ ਭਾਸ਼ਾ ਅਫਸਰ; : ਕਨਵੀਨਰ

(3) ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ
ਦਫ਼ਤਰਾਂ ਵਿਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ
ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।

***ਜ਼ਿਲਾਪੱਧਰੀ ਅਧਿਕਾਰਤਕਮੇਟੀ***

(4) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵੱਲੋਂ ਇਸ ਐਕਟਦੀਆਂ ਧਾਰਵਾਂ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਆਪਣੀ ਰਿਪੋਰਟ ਭੇਜੇਗੀ।

(5) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ।

***ਸਜ਼ਾਵਾਂ***

8-ਡੀ (1) ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਗਿਆਤਾਂ ਉਹ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਤਹਿਤਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾ।

(2) ਉਪਰੋਕਤ ਉਪ ਧਾਰਾ (1) ਤਹਿਤ ਕਸੂਰਵਾਰ ਅਧਿਕਾਰੀ ਜਾਂਕਰਮਚਾਰੀ ਵਿਰੁੱਧ ਕਾਰਵਾਈ ਸਬੰਧਤ ਕੰਪੀਟੈਂਟ ਅਥਾਰਟੀ, ਡਾਇਰੈਕਟਰ ਭਾਸ਼ਾ ਵਿਭਾਗ,ਪੰਜਾਬ ਦੀਆਂ ਸਿਫਰਾਸ਼ਾਂ ਅਨੁਸਾਰ ਕਰੇਗੀ।

ਬਸ਼ਰਤੇ ਕਿ ਅਜਿਹੀ ਕਾਰਵਾਈ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣੇ ਜਾਣ ਦਾ ਮੌਕਾ ਦਿੱਤਾ ਜਾਵੇਗਾ।''

ਰੇਖਾ ਮਿੱਤਲ

ਸਕੱਤਰ, ਪੰਜਾਬ ਸਰਕਾਰ

ਕਾਨੂੰਨੀ ਤੇ ਵਿਧਾਨਿਕ ਮਾਮਲੇ ਵਿਭਾਗ।

ਪੰਜਾਬ ਸਰਕਾਰ ਗਜ਼ਟ
ਅਸਾਧਾਰਣ
ਅਥਾਰਟੀ ਵੱਲੋਂ ਪ੍ਰਕਾਸ਼ਿਤ
ਚੰਡੀਗੜ੍ਹ, ਸੋਮਵਾਰ, 13 ਜੂਨ, 2022
(ਜੇਠ 23, 1944 ਸਾਕਾ)

ਵਿਧਾਨਕ ਅਨੁਪੂਰਕ


ਮਜ਼ਮੂਨ ਪੰਨੇ

**ਭਾਗ-1 ਐਕਟ**

**ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021**
**(2022 ਦਾ ਪੰਜਾਬ ਐਕਟ ਨੰ.11)** .45

**ਭਾਗ- II ਆਰਡੀਨੈਂਸ**
**ਕੋਈ ਨਹੀਂ**

**ਭਾਗ- III ਸੌਂਪਿਆ ਗਿਆ ਵਿਧਾਨ**
**ਕੋਈ ਨਹੀਂ**

**ਭਾਗ- IV ਦਰੁੱਸਤੀ ਪਰਚੀਆਂ, ਪੁਨਰ-ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**
**ਕੋਈ ਨਹੀਂ**


============

ਭਾਗ-1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਪੰਜਾਬ

ਅਧਿਸੂਚਨਾ

13 ਜੂਨ, 2022

ਨੰ: 11-ਵਿਧਾਨ/2022.-ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਹੇਠ ਦਰਸਾਏ ਐਕਟ ਨੂੰ 30 ਦਸੰਬਰ, 2021 ਨੂੰ ਪੰਜਾਬ ਦੇ ਰਾਜਪਾਲ ਜੀ ਦੀ ਸਹਿਮਤੀ ਪ੍ਰਾਪਤ ਹੋਈ ਅਤੇ ਇਸ ਦੁਆਰਾ ਇਸ ਨੂੰ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

## ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021

(2022 ਦਾ ਪੰਜਾਬ ਐਕਟ ਨੰ: 11)

ਪੰਜਾਬ ਰਾਜ ਭਾਸ਼ਾ ਐਕਟ, 1967 ਵਿਚ ਸੋਧ ਕਰਨ ਲਈ ਇਕ ਹੋਰ ਐਕਟ ਭਾਰਤ ਗਣਰਾਜ ਦੇ ਬਹੱਤਰਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :-

ਸੰਖੇਪ ਨਾਂ ਅਤੇ ਆਰੰਭ।

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2021 ਕਿਹਾ ਜਾ ਸਕੇਗਾ।

(2) ਇਸ ਨੂੰ ਸਰਕਾਰੀ ਗਜ਼ਟ ਵਿਚ ਇਸ ਦੇ ਪ੍ਰਕਾਸ਼ਿਤ ਹੋਣ ਦੀ ਤਾਰੀਖ਼ ਤੋਂ ਨਾਫਜ਼ ਅਤੇ ਪ੍ਰਭਾਵੀ ਹੋਣਾ ਸਮਝਿਆ ਜਾਵੇਗਾ।

1967 ਦੇ ਪੰਜਾਬ ਐਕਟ ਨੰ:5 ਦੀ ਧਾਰਾ 8-ਡੀ ਵਿੱਚ ਸੋਧ।

2. ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 8-ਡੀ ਦੀ ਉਪ-ਧਾਰਾ (2) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(3) ਜੇਕਰ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਨ੍ਹਾਂ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਦੀ ਉਲੰਘਣਾ ਕਰਦਾ ਹੈ ਤਾਂ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਡਾਇਰੈਕਟਰ, ਭਾਸ਼ਾ ਵਿਭਾਗ ਦੀਆਂ ਸਿਫਾਰਸ਼ਾਂ ਅਨੁਸਾਰ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ ਅਤੇ ਜੇਕਰ ਅਧਿਕਾਰੀ ਜਾਂ ਕਰਮਚਾਰੀ ਦੁਆਰਾ ਦਿੱਤਾ ਗਿਆ ਜਵਾਬ ਤਸੱਲੀਬਖ਼ਸ ਨਹੀਂ ਹੁੰਦਾ ਹੈ, ਤਾਂ ਅਧਿਕਾਰੀ ਜਾਂ ਕਰਮਚਾਰੀ ਪਹਿਲੀ ਵਾਰ ਉਲੰਘਣਾ ਕਰਨ ਤੇ ਪੰਜ ਸੌ ਰੁਪਏ ਦਾ ਜੁਰਮਾਨਾ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ ਅਤੇ ਇਸੇ ਤਰ੍ਹਾਂ ਜੇਕਰ ਉਹ ਦੂਜੀ ਵਾਰ ਅਜਿਹੀ ਉਲੰਘਣਾ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਦੋ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ ਅਤੇ ਜੇ ਉਹ ਤੀਜੀ ਵਾਰ ਅਜਿਹੀ ਉਲੰਘਣਾ ਕੀਤੇ ਜਾਣ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਪੰਜ ਹਜ਼ਾਰ ਰੁਪਏ ਤੱਕ ਦੇ ਜੁਰਮਾਨੇ ਅਦਾ ਕੀਤੇ ਜਾਣ ਦਾ ਭਾਗੀ ਹੋਵੇਗਾ। ਅਜਿਹਾ ਜੁਰਮਾਨਾ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਦੀ ਤਨਖ਼ਾਹ ਵਿਚੋਂ ਸਬੰਧਤ ਵੰਡ ਅਤੇ ਖ਼ਰਚ ਅਧਿਕਾਰੀ ਵੱਲੋਂ ਵਸੂਲ ਕੀਤਾ ਜਾਵੇਗਾ:

ਬਸ਼ਰਤੇ ਕਿ ਅਜਿਹਾ ਜੁਰਮਾਨਾ ਵਸੂਲਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣਵਾਈ ਕੀਤੇ ਜਾਣ ਦਾ ਮੌਕਾ ਦਿੱਤਾ ਜਾਵੇਗਾ।"

**ਐਸ.ਕੇ.ਅਗਰਵਾਲ,**

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ

10990/11-2022/150ਕਾਪੀਆਂ/ਪੰਜਾਬ ਸਰਕਾਰ

ਪ੍ਰੈਸ, ਐਸ.ਏ.ਐਸ. ਨਗਰ